## ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
### ਵਹੀਕਲ ਵਿੰਗ

ਯੂਨੀਵਰਸਿਟੀ ਬੱਸ ਨੰਬਰ PB02-AS-9593(Swaraj Mazda) ਅਤੇ PB32-F-7967(Swaraj Mazda) ਦੀ ਨਿਲਾਮੀ ਮਿਤੀ 15-05-2023 ਨੂੰ ਸਵੇਰੇ 11:30 ਵਜੇ ਵਹੀਕਲ ਵਿੰਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕਰਵਾਈ ਜਾ ਰਹੀ ਹੈ। ਬੱਸਾਂ ਦੀ ਨਿਲਾਮੀ ਲਈ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :-

1. ਨਿਲਾਮੀ ਵਿੱਚ ਭਾਗ ਲੈਣ ਤੋਂ ਪਹਿਲਾਂ 20,000 ਰੁਪਏ ਦੀ ਜਮਾਨਤੀ ਰਕਮ ਜਮ੍ਹਾਂ ਕਰਵਾਉਣੀ ਹੋਵੇਗੀ। ਜੋ ਵਾਪਸੀ ਯੋਗ ਹੋਵੇਗੀ।(ਸਿਵਾਏ ਸਫਲ ਬੋਲੀਕਾਰ ਦੇ)
2. ਬੋਲੀ ਵਿੱਚ ਉਹੀ ਵਿਅਕਤੀ ਭਾਗ ਲੈ ਸਕਣਗੇ ਜਿਨ੍ਹਾਂ ਨੇ ਜਮਾਨਤੀ ਰਕਮ ਜਮ੍ਹਾਂ ਕਰਵਾਈ ਹੋਵੇਗੀ।
3. ਬੱਸ ਦੀ ਬੋਲੀ ਸਵੀਕਾਰ ਕਰਨ ਜਾਂ ਨਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਦਾ ਹੋਵੇਗਾ।
4. ਬੋਲੀ ਜਿਸ ਦੇ ਹੱਕ ਵਿੱਚ ਹੋਵੇਗੀ ਉਸ ਪਾਸੋਂ ਪੂਰੀ ਰਕਮ ਦਾ ਚੌਥਾਂ ਹਿੱਸਾ ਮੌਕੇ 'ਤੇ ਜਮ੍ਹਾਂ ਕਰਵਾਇਆ ਜਾਵੇਗਾ।
5. ਸਫਲ ਬੋਲੀ-ਕਰਤਾ ਬਾਕੀ ਰਹਿੰਦੀ ਰਕਮ ਬੋਲੀ ਦੀ ਮਿਤੀ ਤੋਂ ਇਕ ਹਫ਼ਤੇ ਦੇ ਸਮੇਂ ਤੱਕ ਜਮ੍ਹਾਂ ਕਰਵਾਏਗਾ।
6. ਸਫਲ ਬੋਲੀ-ਕਰਤਾ ਜੇਕਰ ਬੋਲੀ ਦੀ ਮਿਤੀ ਤੋਂ ਇਕ ਹਫ਼ਤੇ ਤੱਕ ਪੂਰੀ ਰਕਮ ਜਮ੍ਹਾਂ ਨਹੀ ਕਰਵਾਉਂਦਾ ਤਾਂ ਉਸ ਦੀ ਪੇਸ਼ਗੀ ਰਕਮ ਜਬਤ ਕਰ ਲਈ ਜਾਵੇਗੀ।
7. ਸਫਲ ਬੋਲੀ-ਕਰਤਾ ਦੀ ਪ੍ਰਵਾਨ ਕੀਤੀ ਗਈ ਬੋਲੀ ਦੀ ਰਕਮ ਤੇ 18% G.S.T ਵੱਖਰੇ ਤੌਰ ਤੇ ਚਾਰਜ ਕੀਤਾ ਜਾਵੇਗਾ।
8. ਸਫਲ ਬੋਲੀ-ਕਰਤਾ ਪਾਸੋਂ ਇਹ ਹਲਫਨਾਮਾ ਲਿਆ ਜਾਵੇਗਾ ਕਿ ਉਹ ਬੱਸ ਦੀ ਵਰਤੋਂ Transportation purpose ਲਈ ਨਹੀਂ ਕਰੇਗਾ।
9. ਬੋਲੀ ਪਰਵਾਨ ਹੋਣ ਉਪਰੰਤ ਪੂਰੀ ਰਕਮ ਜਮ੍ਹਾਂ ਕਰਵਾਉਣ ਪਿੱਛੋਂ ਹੀ ਬੱਸ ਦੀ ਚਾਬੀ ਸਪੁਰਦ ਕੀਤੀ ਜਾਵੇਗੀ, ਪਰੰਤੂ ਉਸ ਨੂੰ ਬੱਸ ਦੇ ਅਸਲ ਦਸਤਾਵੇਜ਼(R.C, Permit, etc.) ਨਹੀ ਦਿੱਤੇ ਜਾਣਗੇ।
10. ਬੋਲੀ ਵਾਲੇ ਦਿਨ ਕਿਸੇ ਕਾਰਨ ਛੁੱਟੀ ਹੋਣ 'ਤੇ ਉਸ ਤੋਂ ਅਗਲੇ ਦਿਨ(ਵਰਕਿੰਗ ਡੇ) ਬੋਲੀ ਕੀਤੀ ਜਾਵੇਗੀ।
11. ਨਿਲਾਮ ਹੋਣ ਵਾਲੀਆਂ ਬੱਸਾਂ ਨੂੰ ਕਿਸੇ ਵੀ ਵਰਕਿੰਗ ਵਾਲੇ ਦਿਨ ਯੂਨੀਵਰਸਿਟੀ ਦੇ ਵਹੀਕਲ ਵਿੰਗ ਵਿਖੇ ਦੇਖਿਆ ਜਾ ਸਕਦਾ ਹੈ।
12. ਕੋਵਿਡ-19 ਦੀ ਮਹਾਂਮਾਰੀ ਦੇ ਮੱਦੇਨਜਰ ਬੋਲੀਕਰਤਾ ਨੂੰ ਮੂੰਹ ਤੇ ਮਾਸਕ ਲਗਾਉਣਾ ਜਰੂਰੀ ਹੋਵੇਗਾ। ਜੇਕਰ ਉਸ ਵੱਲੋਂ ਹਦਾਇਤ ਦੀ ਪਾਲਣਾ ਨਹੀ ਕੀਤੀ ਜਾਦੀ ਤਾਂ ਉਸ ਨੂੰ ਬੋਲੀ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਰਜਿਸਟਰਾਰ